# ਬਾਬਾ ਜੀ ਤੇਰੇ ਮੰਦਿਰਾਂ ਤੇ

ਬਾਬਾ ਜੀ ਤੇਰੇ ਮੰਦਿਰਾਂ ਤੇ

ਬਾਬਾ ਜੀ ਤੇਰੇ, ਮੰਦਿਰਾਂ ਤੇ, ਹੋ ਰਹੀ ਏ ਜੈ ਜੈਕਾਰ ,
ਬਾਬਾ ਜੀ ਤੇਰੇ, ਮੰਦਿਰਾਂ ਤੇ, ਚੜ੍ਹਦਾ ਏ ਰੋਟ ਪ੍ਰਸ਼ਾਦ,
ਬਾਬਾ ਜੀ ਤੇਰੇ, ਮੰਦਿਰਾਂ ਤੇ............

ਚੜ੍ਹ ਕੇ, ਚੜ੍ਹਾਈਆਂ ਦੂਰੋਂ, ਸੰਗਤਾਂ ਹੈ ਆਉਂਦੀਆਂ।
ਗੁਫ਼ਾ ਤੇਰੀ, ਉੱਤੇ ਆ ਕੇ, ਸੁੱਖਣਾ ਚੜ੍ਹਾਉਂਦੀਆਂ॥
ਲਾਲ ਲਾਲ, ਝੰਡੇ ਤੇਰੇ, ਦਰ ਉੱਤੇ ਝੱਲ੍ਹਦੇ ਨੇ,
ਝੱਲ੍ਹਦੇ ਨੇ, ਜੋਗੀਆ ਹਜ਼ਾਰ,
ਬਾਬਾ ਜੀ ਤੇਰੇ, ਮੰਦਿਰਾਂ ਤੇ, ਹੋ ਰਹੀ ਏ ਜੈ ਜੈਕਾਰ,
ਬਾਬਾ ਜੀ ਤੇਰੇ, ਮੰਦਿਰਾਂ ਤੇ, ਚੜ੍ਹਦਾ ਏ ਰੋਟ ਪ੍ਰਸ਼ਾਦ,
ਬਾਬਾ ਜੀ ਤੇਰੇ, ਮੰਦਿਰਾਂ ਤੇ............

ਸ਼ਿਵਾ ਕੋਲੋਂ, ਪਾਇਆ, ਵਰਦਾਨ ਮੇਰੇ ਜੋਗੀਆ।
ਤਾਹੀਓਂ ਤੈਨੂੰ, ਪੂਜਦਾ, ਜਹਾਨ ਮੇਰੇ ਜੋਗੀਆ॥
ਰਤਨੋ, ਲੁਹਾਰੀ ਦੀਆਂ, ਗਊਆਂ ਤੁਸੀਂ ਚਾਰੀਆਂ॥,
ਸਿਰ ਤੇ, ਨਾ ਰੱਖਿਆ ਭਾਰ,
ਬਾਬਾ ਜੀ ਤੇਰੇ, ਮੰਦਿਰਾਂ ਤੇ, ਹੋ ਰਹੀ ਏ ਜੈ ਜੈਕਾਰ,
ਬਾਬਾ ਜੀ ਤੇਰੇ, ਮੰਦਿਰਾਂ ਤੇ, ਚੜ੍ਹਦਾ ਏ ਰੋਟ ਪ੍ਰਸ਼ਾਦ,
ਬਾਬਾ ਜੀ ਤੇਰੇ, ਮੰਦਿਰਾਂ ਤੇ............

ਜਦ ਤੱਕ, ਸਾਹ ਚੱਲੇ, ਨਾਮ ਤੇਰਾ ਜੱਪਣਾ।
ਮੇਹਰ ਵਾਲਾ, ਹੱਥ ਤੁਸੀਂ, ਸਾਡੇ ਉੱਤੇ ਰੱਖਣਾ॥
ਸੋਹਣੀ ਪੱਟੀ, ਵਾਲਾ ਕਹੇ, ਦਰ ਤੇਰੇ ਆਉਣਾ॥,
ਆਉਣਾ ਹੈ, ਹਰ ਸਾਲ,
ਬਾਬਾ ਜੀ ਤੇਰੇ, ਮੰਦਿਰਾਂ ਤੇ, ਹੋ ਰਹੀ ਏ ਜੈ ਜੈਕਾਰ,
ਬਾਬਾ ਜੀ ਤੇਰੇ, ਮੰਦਿਰਾਂ ਤੇ, ਚੜ੍ਹਦਾ ਏ ਰੋਟ ਪ੍ਰਸ਼ਾਦ,
ਬਾਬਾ ਜੀ ਤੇਰੇ, ਮੰਦਿਰਾਂ ਤੇ...........।

ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/33437/title/Baba-Ji-Tere-Mandiran-Te

अपने Android मोबाइल पर BhajanGanga App डाउनलोड करें और भजनों का आनंद ले |